**ਪੰਜਾਬ ਸਰਕਾਰ**

**ਸਕੂਲ ਸਿੱਖਿਆ ਵਿਭਾਗ**

**ਵੱਲ**

**ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ਐ.ਸਿ.),**

**ਸਮੂਹ ਸਕੂਲ ਮੁੱਖੀ।**

**ਮੀਮੋ:-** AD(co)SSE/2021/2021326814 **ਮਿਤੀ:-** 22-09-2021

**ਵਿਸ਼ਾ: ਨੈਸ਼ਨਲ ਅਚੀਵਮੈਂਟ ਸਰਵੇ ਦੇ ਪੈਟਰਨ ਅਨੁਸਾਰ ਅਭਿਆਸ ਲਈ ਪ੍ਰਿੰਟ ਕਰਵਾ ਕੇ ਭੇਜੇ ਜਾ ਰਹੇ ਮਟੀਰੀਅਲ ਬਾਰੇ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਭਾਰਤ ਸਰਕਾਰ ਵੱਲੋਂ ਮਿਤੀ 12 ਨਵੰਬਰ 2021 ਨੂੰ ਨੈਸ਼ਨਲ ਅਚੀਵਮੈਂਟ ਸਰਵੇ 2021 ਕਰਵਾਇਆ ਜਾ ਰਿਹਾ ਹੈ। ਇਸ ਸਬੰਧ ਵਿੱਚ ਅਧਿਕਾਰੀਆਂ ਅਤੇ ਅਧਿਆਪਕਾਂ ਦੀ ਸਿਖਲਾਈ ਵੀ ਕਰਵਾਈ ਜਾ ਚੁੱਕੀ ਹੈ ਅਤੇ ਸਮੇਂ-ਸਮੇਂ 'ਤੇ ਮੀਟਿੰਗਾਂ ਵੀ ਕੀਤੀਆਂ ਜਾ ਰਹੀਆਂ ਹਨ।

3.0 ਅਧਿਕਾਰੀਆਂ, ਸਕੂਲ ਮੁਖੀਆਂ ਅਤੇ ਅਧਿਆਪਕਾਂ ਨਾਲ ਹੋਈਆਂ ਵੱਖ-ਵੱਖ ਮੀਟਿੰਗਾਂ ਦੌਰਾਨ ਅਤੇ ਫੀਲਡ ਤੋਂ ਇਹ ਸੁਝਾਅ ਪ੍ਰਾਪਤ ਹੋਏ ਹਨ ਕਿ ਨੈਸ਼ਨਲ ਅਚੀਵਮੈਂਟ ਸਰਵੇ ਦੇ ਮਾਪਦੰਡਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਦਿਆਰਥੀਆਂ, ਅਧਿਆਪਕਾਂ ਅਤੇ ਸਕੂਲ ਮੁਖੀਆਂ ਨੂੰ ਨੈਸ਼ਨਲ ਅਚੀਵਮੈਂਟ ਸਰਵੇ ਦੇ ਪੈਟਰਨ ਬਾਰੇ ਜਾਣੂੰ ਕਰਵਾਉਣ ਲਈ ਅਤੇ ਅਗਵਾਈ ਦੇਣ ਲਈ ਮਟੀਰੀਅਲ ਤਿਆਰ ਕਰਕੇ ਸਕੂਲਾਂ ਨੂੰ ਉਪਲਬੱਧ ਕਰਵਾਇਆ ਜਾਵੇ।

4.0 ਉਪਰੋਕਤ ਅਨੁਸਾਰ ਹੋਰ ਪ੍ਰਾਪਤ ਹੋਏ ਸੁਝਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਦਿਆਰਥੀਆਂ, ਅਧਿਆਪਕਾਂ ਅਤੇ ਸਕੂਲ ਮੁਖੀਆਂ ਦੀ ਸਹੂਲਤਾਂ ਲਈ ਜੋ ਮਟੀਰੀਅਲ ਤਿਆਰ ਕਰਕੇ ਭੇਜਿਆ ਜਾ ਰਿਹਾ ਹੈ, ਉਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ. | ਆਈਟਮ ਦਾ ਨਾਂ | ਜਮਾਤ | ਵਿਦਿਆਰਥੀ/ ਅਧਿਆਪਕ/ਸਕੂਲ ਮੁੱਖੀ | ਵਿਸ਼ੇਸ਼ ਕਥਨ |
|---|---|---|---|---|
| 1 | ਵਿਦਿਆਰਥੀ ਅਭਿਆਸ ਪੁਸਤਕ | ਤੀਸਰੀ,ਪੰਜਵੀਂ, ਅੱਠਵੀ, ਦਸਵੀਂ | ਪ੍ਰਤੀ ਵਿਦਿਆਰਥੀ 01 | ਵਿਦਿਆਰਥੀ ਅਚੀਵਮੈਂਟ ਟੈਸਟ ਦੇ ਨਮੂਨਾ ਪ੍ਰਸ਼ਨ |
| 2 | ਨਮੂਨਾ ਵਿਦਿਆਰਥੀ ਪ੍ਰਸ਼ਨਾਵਲੀ (Pupil Questionnaire- PQ) | ਤੀਸਰੀ,ਪੰਜਵੀਂ, ਅੱਠਵੀ, ਦਸਵੀਂ | ਪ੍ਰਤੀ ਵਿਦਿਆਰਥੀ 01 | Pupil Questionnaire- PQ ਦੇ ਨਮੂਨਾ ਪ੍ਰਸ਼ਨ ਵਿਦਿਆਰਥੀ ਲਈ |
| 3 | ਨਮੂਨਾ ਅਧਿਆਪਨ (Teacher Questionnaire- TQ) | - | ਪ੍ਰਤੀ ਅਧਿਆਪਕ 01 | (Teacher Questionnaire- TQ) ਨਮੂਨਾ ਪ੍ਰਸ਼ਨ ਅਧਿਆਪਕਾਂ ਲਈ |
| 4 | ਨਮੂਨਾ ਸਕੂਲ ਪ੍ਰਸ਼ਨਾਵਲੀ (School Questionnaire- SQ) | - | ਪ੍ਰਤੀ ਸਕੂਲ ਮੁੱਖੀ 01 | School Questionnaire- SQ ਨਮੂਨਾ ਪ੍ਰਸ਼ਨ ਸਕੂਲ ਮੁਖੀਆਂ ਲਈ |

5.0 ਉਪਰੋਕਤ ਮਟੀਰੀਅਲ ਦੀ ਬਲਾਕ ਪੱਧਰ ‘ਤੇ ਪ੍ਰਾਪਤੀ ਉਪਰੰਤ ‘ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ’ ਟੀਮ ਤੁਰੰਤ ਮਟੀਰੀਅਲ ਨੂੰ ਸਕੂਲਾਂ ਤੱਕ ਪਹੁੰਚਦਾ ਕਰੇ ਅਤੇ ਸਕੂਲ ਮੁੱਖੀ ਇਹ ਸੁਨਿਸ਼ਚਿਤ ਕਰਨ ਕਿ ਸਕੂਲ ਵਿੱਚ ਪ੍ਰਾਪਤ ਹੋਣ ਤੋਂ ਤੁਰੰਤ ਬਾਅਦ ਇਸ ਮਟੀਰੀਅਲ ਨੂੰ ਵਿਦਿਆਰਥੀਆਂ/ਅਧਿਆਪਕਾਂ ਨੂੰ ਵੰਡ ਦਿੱਤਾ ਜਾਵੇ ਤਾਂ ਜੋ ਵਿਦਿਆਰਥੀ/ਅਧਿਆਪਕ ਇਸ ਦਾ ਪੂਰਾ ਲਾਭ ਲੈ ਸਕਣ।

6.0 ਇਸ ਮਟੀਰੀਅਲ ਦੀ ਵਰਤੋਂ ਸਬੰਧੀ ਹਰ ਸਕੂਲ ਮੁੱਖੀ, ਮੁੱਖ ਦਫ਼ਤਰ ਦੀਆਂ ਹਦਾਇਤਾਂ ਦੇ ਮੱਦੇਨਜ਼ਰ ‘ਤੇ ਯੋਜਨਾਬੰਦੀ ਕਰਕੇ ਮਟੀਰੀਅਲ ਵਿੱਚ ਦਿੱਤੇ ਸਾਰੇ ਸੈੱਟਾਂ ਦਾ ਅਭਿਆਸ ਕਰਵਾਉਣਾ ਯਕੀਨੀ ਬਣਾਉਣਗੇ।

7.0 ਅਧਿਕਾਰੀ ਅਤੇ ਰਿਸੋਰਸ ਪਰਸਨਜ਼ ਆਪਣੀ ਸਕੂਲ ਵਿਜ਼ਿਟ ਦੌਰਾਨ ਇਸ ਮਟੀਰੀਅਲ ਦੀ ਵਰਤੋਂ ਨੂੰ ਕੀਤੇ ਹੋਣ ਨੂੰ ਯਕੀਨੀ ਬਣਾਉਣਗੇ ਅਤੇ ਸਕੂਲਾਂ ਵਿੱਚ ਅਧਿਆਪਕਾਂ ਅਤੇ ਸਕੂਲ ਮੁਖੀਆਂ ਨੂੰ ਲੋੜੀਂਦੀ ਅਗਵਾਈ ਵੀ ਦੇਣਗੇ।

**ਸਕੱਤਰ ਸਕੂਲ ਸਿੱਖਿਆ, ਪੰਜਾਬ**